ਸੰਥਿਆ – ਬਾਰਹਮਾਹਾ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ੴ ਸਤਿਗੁਰਪ੍ਰਸਾਦਿ ॥		
ਬਾਰਹ ਮਾਹਾ, ਮਾਂਝ ਮਹਲਾ ੫, ਘਰੁ ੪ ॥		
ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ ॥		ਹੇ ਰਾਮ, ਅਸੀਂ ਆਪਣੇ ਕੀਤੇ ਕਰਮਾਂ ਕਰਕੇ ਵਿਛੜੇ ਹਾਂ ਪਰ ਤੁਸੀਂ ਆਪਣੀ ਕਿਰਪਾ ਕਰਕੇ ਸਾਨੂੰ ਮੇਲ ਲਵੋ ਜੀ।
ਚਾਰਿ ਕੁੰਟ, ਦਹਦਿਸ ਭ੍ਰਮੇ, ਥਕਿ ਆਏ, ਪ੍ਰਭ ਕੀ ਸਾਮ ॥	ਦਹਾਂਦਿਸ਼, ਸ਼ਾਮ	
ਧੇਨੁ, ਦੁਧੈ ਤੇ ਬਾਹਰੀ, ਕਿਤੈ ਨ ਆਵੈ ਕਾਮ ॥		ਧੇਨੁ = ਗਊ।
ਜਲ ਬਿਨੁ, ਸਾਖ ਕੁਮਲਾਵਤੀ, ਉਪਜਹਿ ਨਾਹੀ ਦਾਮ ॥	ਸ਼ਾਖ, ਉਪਜਹਿਂ, ਨਾਹੀਂ	ਸ਼ਾਖ ਦਾ ਅਰਥ ਹੈ ਟਾਹਣੀ ਤੇ ਸਾਖ ਦਾ ਅਰਥ ਇਜ਼ਤ ਜਾਂ ਪਤਿ ਹੁੰਦਾ ਹੈ। ਇਥੇ ਉਚਾਰਨ "ਸ਼ਾਖ" ਹੈ ਕਿਉਂਕਿ ਅਰਥ ਟਾਹਣੀ ਜਾਂ ਖੇਤੀ ਦਾ ਹੈ।
ਹਰਿ ਨਾਹ ਨ ਮਿਲੀਐ ਸਾਜਨੈ, ਕਤ ਪਾਈਐ ਬਿਸਰਾਮ ॥	ਬਿਸ਼ਰਾਮ	
ਜਿਤੁ ਘਰਿ, ਹਰਿ ਕੰਤੁ ਨ ਪ੍ਰਗਟਈ, ਭਠਿ ਨਗਰ ਸੇ ਗ੍ਰਾਮ ॥		
ਸ੍ਰਬ ਸੀਗਾਰ ਤੰਬੋਲ ਰਸ, ਸਣੁ ਦੇਹੀ ਸਭ ਖਾਮ ॥	ਸ਼ੀਂਗਾਰ	ਖਾਮ = ਕੱਚੇ, ਝੂਠੇ।
ਪ੍ਰਭ ਸੁਆਮੀ ਕੰਤ ਵਿਹੂਣੀਆ, ਮੀਤ ਸਜਣ ਸਭਿ ਜਾਮ ॥	ਵਿਹੂਣੀਆਂ	੧. "ਵਿਹੂਣੀਆ" ਪਦ ਇਥੇ ਵਿਸ਼ੇਸ਼ਣ ਦੇ ਰੂਪ ਵਿਚ ਹੈ ਨਾ ਕਿ ਸੰਬੰਧਕੀ ਪਦ ਦੇ ਰੂਪ ਵਿਚ ਅਤੇ ਇਸ ਪਦ ਦਾ ਭਾਵ ਹੈ ਉਹ ਇਸਤ੍ਰੀਆਂ ਜੋ ਪ੍ਰਭ ਸੁਆਮੀ ਕੰਤ ਤੋਂ ਵਿਹੂਣੀਆਂ ਹਨ। ੨. ਪ੍ਰਭ ਸੁਆਮੀ ਕੰਤ ਤੋਂ ਵਿਹੂਣੀਆਂ ਲਈ ਸਭ ਦੋਸਤ ਮਿੱਤਰ ਜਮ ਰੂਪ ਹੁੰਦੇ ਹਨ ਭਾਵ ਸਭ ਸਾਕ ਦੁਖਦਾਈ ਹੁੰਦੇ ਹਨ।
ਨਾਨਕ ਕੀ ਬੇਨੰਤੀਆ, ਕਰਿ ਕਿਰਪਾ, ਦੀਜੈ ਨਾਮੁ ॥		ਨਾਨਕ (ਗੁਰੂ ਸਾਹਿਬ) ਦੀ ਬੇਨਤੀ ਹੈ ਕਿ ਕਿਰਪਾ ਕਰ ਕੇ ਨਾਮ ਦੇਵੋ।
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ, ਜਿਸ ਕਾ ਨਿਹਚਲ ਧਾਮ ॥੧॥		੧. ਹੇ ਸਤਿਗੁਰ ਸੁਆਮੀ ਜੀ, ਹਰਿ ਪ੍ਰਭ ਸੰਗਿ ਮੇਲੋ ਜਿਸਦਾ ਧਾਮ ਨਿਹਚਲ ਹੈ। ੨. ਇਥੇ ਸੰਬੋਧਨ ਹਰਿ ਪ੍ਰਭ ਨੂੰ ਨਹੀਂ ਹੋ ਸਕਦਾ ਕਿਉਂਕਿ "ਜਿਸ ਕਾ ਨਿਹਚਲ ਧਾਮ" ਤੋਂ ਸਿਧ ਹੁੰਦਾ ਹੈ ਕਿ ਪਰਮਾਤਮਾ ਦੀ ਅਨ-ਪੁਰਖ ਰੂਪ ਵਿਚ ਗੱਲ ਕੀਤੀ ਜਾ ਰਹੀ ਹੈ। ਰਹੀ ਗੱਲ ਪ੍ਰਭ ਦੇ ਅੰਤਲੇ "ਭ" ਦੇ ਮੁਕਤੇ ਹੋਣ ਦੀ, ਤਾਂ ਉਹ ਇਸ ਕਰਕੇ ਮੁਕਤਾ ਹੈ ਕਿ ਇਸ ਦੇ ਅੱਗੇ "ਸੰਗਿ" ਪਦ ਮੌਜੂਦ ਹੈ।
ਚੇਤਿ, ਗੋਵਿੰਦੁ ਅਰਾਧੀਐ, ਹੋਵੈ ਅਨੰਦੁ ਘਣਾ ॥		ਜੇਕਰ ਚੇਤ ਵਿਚ ਗੋਵਿੰਦ ਨੂੰ ਆਰਾਧੀਐ ਤਾਂ ਬਹੁਤ ਅਨੰਦ ਹੁੰਦਾ ਹੈ।

ਸੰਥਿਆ – ਬਾਰਹਮਾਹਾ		
ਗੁਰਬਾਣੀ ਪਾਠ	**ਉਚਾਰਨ ਸੇਧ**	**ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ**
ਸੰਤ ਜਨਾ ਮਿਲਿ ਪਾਈਐ, ਰਸਨਾ ਨਾਮੁ ਭਣਾ ॥	ਜਨਾਂ	"ਰਸਨਾ ਨਾਮੁ ਭਣਾ" ਵਾਲਾ ਗੁਣ ਸੰਤ ਜਨਾਂ ਨੂੰ ਮਿਲ ਕੇ ਪਾਇਆ ਜਾਂਦਾ ਹੈ।
ਜਿਨਿ ਪਾਇਆ ਪ੍ਰਭੁ ਆਪਣਾ, ਆਏ ਤਿਸਹਿ ਗਣਾ ॥	ਗਣਾਂ	੧. ਗਣਾ = ਗਣਾਂ = ਮੈਂ ਗਣਾਂ। ੨. ਜਿਨਾਂ ਨੇ ਆਪਣਾ ਪ੍ਰਭ ਪਾਇਆ ਹੈ ਮੈਂ ਉਹਨਾਂ ਦਾ ਹੀ (ਦੁਨੀਆ ਵਿਚ) ਆਇਆ ਗਿਣਦਾ ਹਾਂ।
ਇਕੁ ਖਿਨੁ ਤਿਸੁ ਬਿਨੁ ਜੀਵਣਾ, ਬਿਰਥਾ ਜਨਮੁ ਜਣਾ ॥	ਜਣਾਂ	੧. ਜਣਾ = ਜਣਾਂ = ਮੈਂ ਜਾਣਾਂ, ਮੈਂ ਜਾਣਦਾ ਹਾਂ। ੨. ਇਕ ਖਿਨ, ਤਿਸ (ਪ੍ਰੀਤਮ) ਬਿਨਾ ਜੀਵਣਾ, ਮੈਂ ਬਿਰਥਾ ਜਨਮ ਜਾਣਾਂ ਭਾਵ ਜਾਣਦਾ ਹਾਂ।
ਜਲਿ ਥਲਿ ਮਹੀਅਲਿ ਪੂਰਿਆ, ਰਵਿਆ ਵਿਚਿ ਵਣਾ ॥	ਵਣਾਂ	ਵਣਾ = ਵਣਾਂ ਵਿਚ। ੨. ਜਲ ਵਿਚ, ਥਲ ਵਿਚ ਤੇ ਮਹੀਅਲਿ (ਧਰਤੀ ਤੇ ਅਸਮਾਨ ਵਿਚ), ਅਤੇ ਵਣਾਂ ਵਿਚ ਵੀ ਉਹ ਹੀ ਰਵਿਆ ਹੋਇਆ ਹੈ।
ਸੋ ਪ੍ਰਭੁ ਚਿਤਿ ਨ ਆਵਈ, ਕਿਤੜਾ ਦੁਖੁ ਗਣਾ ॥	ਗਣਾਂ	ਐਸਾ ਪ੍ਰਭ (ਜੋ ਸਭ ਰਵਿਆ ਹੈ) ਜੇਕਰ ਮੈਨੂੰ ਚਿਤ ਨਾ ਆਵੇ ਤਾਂ ਮੈਂ ਕਿਤਣਾ ਕੁ ਦੁਖ ਗਣਾਂ (ਮੰਨਾਂ) ਭਾਵ ਬਹੁਤ ਦੁਖ ਗਿਣਦਾ ਹਾਂ।
ਜਿਨੀ ਰਾਵਿਆ ਸੋ ਪ੍ਰਭੂ, ਤਿੰਨਾ ਭਾਗੁ ਮਣਾ ॥	ਜਿਨੀਂ, ਤਿੰਨਾਂ	ਜਿਨਾਂ ਨੇ ਆਪਣਾ ਪ੍ਰਭੂ ਰਾਵਿਆ ਹੈ ਉਹਨਾਂ ਦਾ ਭਾਗ ਬਹੁਤ ਹੈ, ਮਣਾਂ ਮੂੰਹ ਹੈ।
ਹਰਿ ਦਰਸਨ ਕੰਉ, ਮਨੁ ਲੋਚਦਾ, ਨਾਨਕ ਪਿਆਸ ਮਨਾ ॥	ਦਰਸ਼ਨ	
ਚੇਤਿ, ਮਿਲਾਏ ਸੋ ਪ੍ਰਭੂ, ਤਿਸ ਕੈ ਪਾਇ ਲਗਾ ॥੨॥	ਪਾਇੰ, ਲਗਾਂ	੧. ਚੇਤਿ ਵਿਚ, ਜੋ ਮੈਨੂੰ ਪ੍ਰਭੂ ਨਾਲ ਮਿਲਾਵੇ, ਮੈਂ ਉਸ ਦੇ ਚਰਨੀਂ ਲਗਾਂ। ੨. ਇਸ ਅਖੀਰਲੀ ਪੰਕਤੀ ਤੋਂ ਸਿਧ ਹੁੰਦਾ ਹੈ ਕਿ ਇਸ ਪਉੜੀ ਵਿਚ ਆਏ ਕਿਰਿਆਵਾਚੀ ਸ਼ਬਦ ਜਿਵੇਂ ਕਿ ਗਣਾ, ਜਣਾ ਆਦਿ ਉਤਮ ਪੁਰਖ ਵਰਤਮਾਨ ਕਿਰਿਆਵਾਚੀ ਸ਼ਬਦ ਹਨ। ਤਾਂ ਤੇ ਇਹਨਾਂ ਦਾ ਉਚਾਰਨ ਨਾਸਕੀ ਹੈ।
ਵੈਸਾਖਿ, ਧੀਰਨਿ ਕਿਉ ਵਾਢੀਆ, ਜਿਨਾ ਪ੍ਰੇਮ ਬਿਛੋਹੁ ॥	ਕਿਉਂ, ਵਾਂਢੀਆਂ, ਜਿਨਾਂ	੧. ਵਾਢੀਆ – ਵਾਂਢੀਆਂ – ਉਹ ਇਸਤ੍ਰੀਆਂ ਜੋ ਪਤੀ ਵਲੋਂ ਵਾਂਢੀਆਂ (ਪਰਦੇਸਨਾਂ) ਹਨ ਭਾਵ ਪਤੀ ਤੋਂ ਵਿਛੁੜੀਆਂ ਹੋਈਆਂ ਹਨ। ੨. ਵੈਸਾਖ ਵਿਚ, ਜਿਹੜੀਆਂ ਵਾਂਢੀਆਂ ਇਸਤ੍ਰੀਆਂ ਨੂੰ ਪਿਰ ਪ੍ਰਭੂ ਨਾਲੋਂ ਪ੍ਰੇਮ ਦਾ ਬਿਛੋੜਾ ਹੈ, ਉਸ ਕਿਸ ਤਰਾਂ ਧੀਰਣ?ਭਾਵ ਨਹੀਂ ਧੀਰ ਸਕਦੀਆਂ।

ਸੰਥਿਆ - ਬਾਰਹਮਾਹਾ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਹਰਿ ਸਾਜਨੁ ਪੁਰਖੁ ਵਿਸਾਰਿ ਕੈ, ਲਗੀ ਮਾਇਆ ਧੋਹੁ ॥		
ਪੁਤ੍ਰ ਕਲਤ੍ਰ ਨ ਸੰਗਿ ਧਨਾ, ਹਰਿ ਅਵਿਨਾਸੀ ਓਹੁ ॥	ਅਵਿਨਾਸ਼ੀ	"ਨ" ਅਤੇ "ਸੰਗਿ" ਇਥੇ ਦੇਹਲੀ ਦੀਪਕ ਹਨ - ਨ ਪੁਤ੍ਰ ਕਲਤ੍ਰ ਸੰਗਿ ਜਾਂਦੇ ਹਨ ਤੇ ਨ ਧਨ ਸੰਗਿ ਜਾਂਦਾ ਹੈ; ਇਕ ਓਹ ਅਵਿਨਾਸ਼ੀ ਹਰੀ ਸੰਗਿ ਰਹਿੰਦਾ ਹੈ।
ਪਲਚਿ ਪਲਚਿ ਸਗਲੀ ਮੁਈ, ਝੂਠੈ ਧੰਧੈ ਮੋਹੁ ॥		ਸਗਲੀ ਲੁਕਾਈ ਹੀ ਮਾਇਆ ਵਿਚ ਫੱਸ ਫੱਸ ਕੇ ਮਰੀ ਹੋਈ ਹੈ ਕਿਉਂਕਿ ਉਸ ਨੂੰ ਝੂਠੇ ਧੰਧੇ ਦਾ ਮੋਹ ਪਿਆ ਹੋਇਆ ਹੈ।
ਇਕਸੁ ਹਰਿ ਕੇ ਨਾਮ ਬਿਨੁ, ਅਗੈ ਲਈਅਹਿ ਖੋਹਿ ॥	ਲਈਅਹਿਂ	ਇਕ ਨਾਮ ਤੋਂ ਬਿਨਾਂ ਹੋਰ ਸਾਰੇ ਕਰਮਾਂ ਦਾ ਪੁੰਨ ਅੱਗੇ ਪਰਲੋਕ ਜਾਂਦਿਆਂ ਨੂੰ ਰਸਤੇ ਵਿਚ ਹੀ ਖੋਹ ਲਿਆ ਜਾਂਦਾ ਹੈ।
ਦਯੁ ਵਿਸਾਰਿ ਵਿਗੁਚਣਾ, ਪ੍ਰਭ ਬਿਨੁ ਅਵਰੁ ਨ ਕੋਇ ॥	ਦਯੁ = ਦਇ	
ਪ੍ਰੀਤਮ ਚਰਣੀ ਜੋ ਲਗੇ, ਤਿਨ ਕੀ ਨਿਰਮਲ ਸੋਇ ॥	ਚਰਣੀਂ	
ਨਾਨਕ ਕੀ ਪ੍ਰਭ ਬੇਨਤੀ, ਪ੍ਰਭ, ਮਿਲਹੁ, ਪਰਾਪਤਿ ਹੋਇ ॥		ਗੁਰੂ ਸਾਹਿਬ ਫੁਰਮਾਉਂਦੇ ਹਨ, ਹੇ ਪ੍ਰਭੂ ਸਾਡੀ ਬੇਨਤੀ ਹੈ ਕਿ ਸਾਨੂੰ ਮਿਲੋ ਤੇ ਮਿਲ ਕੇ ਪ੍ਰਾਪਤ ਹੋਏ ਰਹੋ ਭਾਵ ਮਿਲੇ ਰਹੋ।
ਵੈਸਾਖੁ ਸੁਹਾਵਾ ਤਾਂ ਲਗੈ, ਜਾ ਸੰਤੁ ਭੇਟੈ, ਹਰਿ ਸੋਇ ॥੩॥	ਜਾਂ	੧. ਵੈਸਾਖ ਦਾ ਮਹੀਨਾ ਤਾਂ ਚੰਗਾ ਲਗਦਾ ਹੈ ਜੇਕਰ ਗੁਰੂ ਰੂਪੀ ਸੰਤ ਮਿਲੇ ਤੇ ਫੇਰ ਹਰੀ ਵੀ ਮਿਲੇ। ੨. ਇਸ ਪੰਕਤੀ ਵਿਚ "ਭੇਟੈ" ਦੇਹਲੀ ਦੀਪਕ ਹੈ ਜੋ ਕਿ "ਸੰਤੁ" ਅਤੇ "ਹਰਿ" ਦੋਹਾਂ ਨਾਲ ਲਗਦਾ ਹੈ - ਸੰਤੁ ਭੇਟੈ ਅਤੇ ਹਰਿ ਭੇਟੈ।
ਹਰਿ ਜੇਠਿ ਜੁੜੰਦਾ ਲੋੜੀਐ, ਜਿਸੁ ਅਗੈ ਸਭਿ ਨਿਵੰਨਿ ॥		੧. ਇਸ ਪੰਕਤੀ ਵਿਚ "ਜੇਠਿ" ਦਾ ਅਰਥ "ਜੇਠ ਮਹੀਨੇ ਵਿਚ" ਵੀ ਹੈ ਅਤੇ "ਹਰਿ ਜੇਠਿ ਭਾਵ ਹਰੀ ਜੇਸ਼ਠ ਭਾਵ ਵੱਡਾ ਹਰੀ" ਵੀ ਹੈ। ੨. ਪੰਕਤੀ ਦਾ ਭਾਵ ਹੈ - ਜੇਠ ਦੇ ਮਹੀਨੇ ਵਿਚ ਜੇਠ (ਜੇਸ਼ਠ, ਵੱਡੇ) ਹਰੀ, ਜਿਸ ਦੇ ਅਗੇ ਸਭ ਨਿਵਦੇ ਹਨ, ਨਾਲ ਜੁੜਨਾ ਲੋੜਨਾ ਚਾਹੀਦਾ ਹੈ।
ਹਰਿ ਸਜਣ ਦਾਵਣਿ ਲਗਿਆ, ਕਿਸੈ ਨ ਦੇਈ ਬੰਨਿ ॥	ਲਗਿਆਂ	ਹਰਿ ਸਜਣ ਦੇ ਦਾਵਣਿ (ਦਾਮਨ) ਲਗਿਆਂ ਨੂੰ, ਵਾਹਿਗੁਰੂ ਕਿਸੇ ਹੋਰ ਕੋਲੇ ਬੰਨ ਕੇ ਨਹੀਂ ਦਿੰਦਾ ਭਾਵ ਮਾਇਆ ਆਦਿ ਦੇ ਹਵਾਲੇ ਨਹੀਂ ਕਰਦਾ।

ਸੰਥਿਆ – ਬਾਰਹਮਾਹਾ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਮਾਣਕ ਮੋਤੀ ਨਾਮੁ ਪ੍ਰਭ, ਉਨ ਲਗੈ ਨਾਹੀ ਸੰਨਿ ॥		੧. ਪ੍ਰਭ ਦਾ ਨਾਮ ਐਸਾ ਕੀਮਤੀ ਮਾਣਕ ਮੋਤੀ ਹੈ ਜਿਸ ਨੂੰ ਕੋਈ ਸੰਨ ਲਾ ਕੇ ਚੋਰੀ ਨਹੀਂ ਕਰ ਸਕਦਾ। ੨. ਇਸ ਪੰਕਤੀ ਤੋਂ ਸਾਬਤ ਹੈ ਕਿ ਨਾਮ ਦੀ ਕਮਾਈ ਨੂੰ ਕੋਈ ਖੋਹ ਨਹੀਂ ਸਕਦਾ, ਸਿਵਾਏ ਆਪਣੇ ਗੁਨਾਹਾਂ ਤੋਂ।
ਰੰਗ ਸਭੇ ਨਾਰਾਇਣੈ, ਜੇਤੇ ਮਨਿ ਭਾਵੰਨਿ ॥		
ਜੋ ਹਰਿ ਲੋੜੇ ਸੋ ਕਰੇ, ਸੋਈ ਜੀਅ ਕਰੰਨਿ ॥		ਜੋ ਹਰੀ ਪਰਮਾਤਮਾ ਚਾਹੁੰਦਾ ਹੈ, ਉਹੀ ਉਹ ਕਰਦਾ ਹੈ ਅਤੇ ਉਹੀ ਸਭ ਜੀਵ ਕਰਦੇ ਹਨ ਭਾਵ ਪਰਮਾਤਮਾ ਦੀ ਮਰਜ਼ੀ ਹੀ ਸੰਸਾਰ ਵਿਚ ਚਲਦੀ ਹੈ।
ਜੋ ਪ੍ਰਭਿ ਕੀਤੇ ਆਪਣੇ, ਸੇਈ ਕਹੀਅਹਿ ਧੰਨਿ ॥	ਕਹੀਅਹਿਂ	ਜੋ ਪ੍ਰਭ ਨੇ ਆਪਣੇ ਕਰ ਲਏ ਹਨ, ਉਹੀ ਜਨ ਧੰਨ ਹਨ।
ਆਪਣ ਲੀਆ ਜੇ ਮਿਲੈ, ਵਿਛੁੜਿ ਕਿਉ ਰੋਵੰਨਿ ॥	ਕਿਉਂ	ਜੇਕਰ ਆਪਣਾ ਲਿਆ ਕੁਝ ਮਿਲਦਾ ਹੁੰਦਾ ਤਾਂ ਜੀਵ ਵਿਛੁੜਿ ਕੇ ਕਿਉਂ ਰੋਂਦੇ ਭਾਵ ਦੁਖੀ ਹੁੰਦੇ? ਸੋ ਪਰਮਾਤਮਾ ਨੂੰ ਉਹੀ ਮਿਲ ਸਕਦਾ ਹੈ ਜੋ ਉਸ ਨੂੰ ਭਾਉਂਦਾ ਹੈ॥
ਸਾਧੂ ਸੰਗੁ ਪਰਾਪਤੇ, ਨਾਨਕ ਰੰਗ ਮਾਣੰਨਿ ॥		ਸਾਧੂ ਦਾ ਸੰਗੁ (ਇਹ ਲਫਜ਼ ਇਥੇ ਨਾਂਵ ਹੈ, ਨਾ ਕਿ ਸੰਬੰਧਕੀ ਪਦ) ਪ੍ਰਾਪਤ ਹੋਏ ਤੇ, ਰੰਗ (ਅਨੰਦ) ਮਾਣੇ ਜਾਂਦੇ ਹਨ।
ਹਰਿ ਜੇਠੁ ਰੰਗੀਲਾ ਤਿਸੁ ਧਣੀ, ਜਿਸ ਕੈ ਭਾਗੁ ਮਥੰਨਿ ॥੪॥		ਮਥੰਨਿ – ਮੱਥੇ ਤੇ।
ਆਸਾੜੁ ਤਪੰਦਾ ਤਿਸੁ ਲਗੈ, ਹਰਿ ਨਾਹੁ ਨ ਜਿੰਨਾ ਪਾਸਿ ॥		ਹਾੜ ਦਾ ਮਹੀਨਾ ਉਹਦੇ ਵਾਸਤੇ ਗਰਮ ਹੈ ਜਿਸ ਦੇ ਪਾਸ ਹਰੀ ਨਾਥ ਨਹੀਂ ਹੈ।
ਜਗਜੀਵਨ ਪੁਰਖੁ ਤਿਆਗਿ ਕੈ, ਮਾਣਸ ਸੰਦੀ ਆਸ ॥		ਜਿਸ (ਜਨ) ਨੇ ਜਗ ਦੇ ਜੀਵਨ ਪੁਰਖ ਨੂੰ ਤਿਆਗ ਕੇ ਮਾਣਸ ਦੀ ਆਸ ਰੱਖੀ ਹੋਈ ਹੈ...
ਦੁਯੈ ਭਾਇ ਵਿਗੁਚੀਐ, ਗਲਿ ਪਈਸੁ ਜਮ ਕੀ ਫਾਸ ॥	ਫਾਂਸ	ਉਹ ਦੁਜੇ ਭਾਇ (ਸੰਸਾਰੀ ਮੋਹ) ਵਿਚ ਫੱਸ ਕੇ ਖੁਆਰ ਹੁੰਦੇ ਹਨ ਤੇ ਮਰਣ ਉਪਰੰਤ ਉਹਨਾਂ ਦੇ ਗਲ ਵਿਚ ਜਮ ਦੀ ਫਾਂਸੀ ਪੈਂਦੀ ਹੈ।
ਜੇਹਾ ਬੀਜੈ ਸੋ ਲੁਣੈ, ਮਥੈ ਜੋ ਲਿਖਿਆਸੁ ॥		
ਰੈਣਿ ਵਿਹਾਣੀ ਪਛੁਤਾਣੀ, ਉਠਿ ਚਲੀ ਗਈ ਨਿਰਾਸ ॥	ਨਿਰਾਸ਼	੧. "ਰੈਣਿ" ਦਾ ਭਾਵ ਇਥੇ ਜ਼ਿੰਦਗੀ ਤੋਂ ਹੈ। ੨. ਜਦੋਂ ਜ਼ਿੰਦਗੀ ਰੁਪੀ ਰੈਣਿ ਬੀਤ ਜਾਂਦੀ ਹੈ ਤਾਂ ਜੀਵ ਇਸਤ੍ਰੀ ਪਛਤਾਉਂਦੀ ਹੈ ਕਿਉਂਕਿ ਉਹ ਨਿਰਾਸ਼ ਹੋਕੇ ਇਥੋਂ ਖਾਲੀ ਹੀ ਉਠ ਜਾਂਦੀ ਹੈ।

ਸੰਥਿਆ - ਬਾਰਹਮਾਹਾ		
ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਜਿਨ ਕੌ ਸਾਧੂ ਭੇਟੀਐ, ਸੋ ਦਰਗਹ ਹੋਇ ਖਲਾਸੁ ॥		ਜਿਨਾਂ ਨੂੰ ਸਤਿਗੁਰ ਰੂਪੀ ਸਾਧੂ ਮਿਲ ਪੈਂਦਾ ਹੈ, ਉਹ ਦਰਗਾਹ ਵਿਖੇ ਸੁਰਖਰੂ (ਖਲਾਸ) ਹੋ ਜਾਂਦੇ ਹਨ।
ਕਰਿ ਕਿਰਪਾ ਪ੍ਰਭ ਆਪਣੀ, ਤੇਰੇ ਦਰਸਨ ਹੋਇ ਪਿਆਸ ॥	ਦਰਸ਼ਨ	ਹੇ ਪ੍ਰਭ ਜੀ ਆਪਣੀ ਕਿਰਪਾ ਕਰਿ ਤਾਂ ਕਿ ਸਾਡੇ ਮਨ ਵਿਚ ਤੇਰੇ ਦਰਸ਼ਨ ਦੀ ਪਿਆਸ ਹੋਵੇ।
ਪ੍ਰਭ, ਤੁਧੁ ਬਿਨੁ ਦੂਜਾ ਕੋ ਨਹੀ, ਨਾਨਕ ਕੀ ਅਰਦਾਸਿ ॥		
ਆਸਾੜੁ ਸੁਹੰਦਾ ਤਿਸੁ ਲਗੈ, ਜਿਸੁ ਮਨਿ, ਹਰਿ ਚਰਣ ਨਿਵਾਸ ॥੫॥		
ਸਾਵਣਿ, ਸਰਸੀ ਕਾਮਣੀ, ਚਰਨ ਕਮਲ ਸਿਉ ਪਿਆਰੁ ॥	ਸਿਉਂ	ਸਾਵਣ ਦੇ ਮਹੀਨੇ ਵਿਚ, ਜਿਸ ਜੀਵ-ਇਸਤ੍ਰੀ ਦਾ ਹਰੀ ਦੇ ਚਰਨ ਕਮਲਾਂ ਨਾਲ ਪਿਆਰ ਪੈ ਜਾਂਦਾ ਹੈ, ਉਹ ਰਸ ਨਾਲ ਭਰੀ ਰਹਿੰਦੀ ਹੈ। 'ਸਰਸੀ' ਦਾ ਭਾਵ ਹੈ ਰਸ ਨਾਲ ਭਰੀ ਹੋਈ, ਅਨੰਦ ਵਿਚ।
ਮਨੁ ਤਨੁ ਰਤਾ ਸਚ ਰੰਗਿ, ਇਕੋ ਨਾਮੁ ਅਧਾਰੁ ॥	ਰੱਤਾ	ਐਸੀ ਇਸਤ੍ਰੀ ਜਿਸ ਦਾ ਸਹਾਰਾ ਇਕ ਨਾਮ ਹੋਵੇ, ਉਸ ਦਾ ਮਨ ਤੇ ਤਨ, ਸਚ (ਪਰਮਾਤਮਾ, ਨਾਮ) ਦੇ ਰੰਗ ਵਿਚ ਰਤਿਆ ਰਹਿੰਦਾ ਹੈ।
ਬਿਖਿਆ ਰੰਗ ਕੂੜਾਵਿਆ, ਦਿਸਨਿ ਸਭੇ ਛਾਰੁ ॥		
ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਮਿਲਿ ਸਾਧੂ ਪੀਵਣਹਾਰੁ ॥		ਹਰਿ ਅੰਮ੍ਰਿਤ ਸੁਹਾਵਣੀ ਬੂੰਦ ਦੇ ਪੀਵਣਹਾਰ, ਸਾਧੂ ਗੁਰੂ ਨੂੰ ਮਿਲ ਕੇ ਬਣੀਦਾ ਹੈ। ਤਾਂ ਤੇ ਫੀ-ਜ਼ਮਾਨਾ ਅੰਮ੍ਰਿਤ ਛਕਣਾ ਜ਼ਰੂਰੀ ਹੈ ਤਾਂ ਕੇ ਸਾਧੂ ਗੁਰੂ ਨੂੰ ਮਿਲ ਹੋਵੇ।
ਵਣੁ ਤਿਣੁ ਪ੍ਰਭ ਸੰਗਿ ਮਉਲਿਆ, ਸੰਮ੍ਰਥ ਪੁਰਖ ਅਪਾਰੁ ॥		
ਹਰਿ ਮਿਲਣੈ ਨੋ ਮਨੁ ਲੋਚਦਾ, ਕਰਮਿ ਮਿਲਾਵਣਹਾਰੁ ॥		ਹਰੀ ਨੂੰ ਮਿਲਣ ਨੂੰ ਮਨ ਲੋਚਦਾ ਹੈ ਪਰ ਹਰੀ ਨੂੰ ਮਿਲਾਵਣਹਾਰ ਸਤਿਗੁਰੂ ਉਸ ਹਰੀ ਦੇ ਆਪਣੇ ਕਰਮ (ਫਜ਼ਲ) ਨਾਲ ਹੀ ਮਿਲਦਾ ਹੈ। ਇਸ ਪੰਕਤੀ ਵਿਚ "ਮਿਲਾਵਣਹਾਰੁ" ਤੋਂ ਭਾਵ ਸਤਿਗੁਰੂ ਦਾ ਹੈ ਤੇ ਇਹ ਗੁਰਮਤਿ ਸਿਧਾਂਤ ਹੈ ਕਿ ਹਰੀ-ਮਿਲਾਵਣਹਾਰੇ ਸਤਿਗੁਰੂ ਦਾ ਮਿਲਾਪ, ਹਰੀ ਦੀ ਮਿਹਰ ਨਾਲ ਹੀ ਹੁੰਦਾ ਹੈ। "ਕਰਮਿ" ਦਾ ਭਾਵ ਹੈ ਕਰਮ ਰਾਹੀਂ ਭਾਵ ਮਿਹਰ ਰਾਹੀਂ ਤੇ ਕਰਮਿ ਕਰਨਵਾਲਾ ਇਥੇ ਪਰਮਾਤਮਾ ਆਪਿ ਹੈ ਜੋ ਮਿਲਾਵਣਹਾਰੁ ਸਤਿਗੁਰੂ ਦਾ ਮਿਲਾਪ ਕਰਾਉਂਦਾ ਹੈ।
ਜਿਨੀ ਸਖੀਏ ਪ੍ਰਭੁ ਪਾਇਆ, ਹੰਉ ਤਿਨ ਕੈ ਸਦ ਬਲਿਹਾਰ ॥	ਜਿਨੀਂ	ਹੇ ਸਖੀਏ, ਜਿਨਾਂ ਨੇ ਪ੍ਰਭ ਪਾ ਲਿਆ ਹੈ, ਮੈਂ ਉਹਨਾਂ ਤੇ ਸਦ ਕੁਰਬਾਨ ਹਾਂ। 'ਸਖੀਏ' ਪਦ ਇਥੇ ਇਕ-ਵਚਨ ਸੰਬੋਧਨ ਕਾਰਕ ਪ੍ਰਤੀਤ ਹੁੰਦਾ ਹੈ ਨਾ ਕਿ ਅਨ-ਪੁਰਖ, ਬਹੁਵਚਨ, ਕਰਤਾ ਕਾਰਕ।

ਸੰਥਿਆ – ਬਾਰਹਮਾਹਾ		
ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਨਾਨਕ, ਹਰਿ ਜੀ ਮਇਆ ਕਰਿ, ਸਬਦਿ ਸਵਾਰਣਹਾਰੁ ॥	ਸ਼ਬਦਿ	ਸਤਿਗੁਰੂ ਜੀ ਆਪਣੀ ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ, ਹੇ ਹਰੀ, ਆਪਣੀ ਕਿਰਪਾ ਕਰਿ ਕਿਉਂਕਿ ਸ਼ਬਦ ਰਾਹੀ ਤੂੰ ਆਪ ਹੀ ਸਵਾਰਣਹਾਰ ਹੈਂ।
ਸਾਵਣੁ ਤਿਨਾ ਸੁਹਾਗਣੀ, ਜਿਨ ਰਾਮ ਨਾਮੁ ਉਰਿ ਹਾਰੁ ॥੬॥	ਤਿਨਾਂ	ਸਾਵਣ ਦਾ (ਸੋਹਣਾ ਤੇ ਸੁਹਾਵਣਾ) ਮਹੀਨਾ ਉਹਨਾਂ ਸੁਹਾਗਣਾਂ ਤੇ ਹੀ ਆਇਆ ਸਮਝੋ, ਜਿਨਾਂ ਨੇ ਹਿਰਦੇ ਵਿਚ ਰਾਮ ਨਾਮ ਰੁਪੀ ਹਾਰ ਪਹਿਣਿਆ ਹੋਇਆ ਹੈ।
ਭਾਦੁਇ ਭਰਮਿ ਭੁਲਾਣੀਆ, ਦੂਜੈ ਲਗਾ ਹੇਤੁ ॥	ਭੁਲਾਣੀਆਂ	ਭਾਦੋਂ ਦੇ ਮਹੀਨੇ ਵਿਚ ਜਿਨਾਂ ਦਾ ਪਿਆਰ ਦੂਜੈ (ਮਾਇਆ) ਨਾਲ ਲਗਿਆ ਹੈ, ਉਹ ਭਰਮ ਵਿਚ ਭੁਲੀਆਂ ਹੋਈਆਂ ਹਨ।
ਲਖ ਸੀਗਾਰ ਬਣਾਇਆ, ਕਾਰਜਿ ਨਾਹੀ ਕੇਤੁ ॥	ਸ਼ੀਂਗਾਰ, ਨਾਹੀਂ	ਓਹਨਾਂ ਦਾ ਲੱਖ ਸ਼ੀਗਾਰ ਕੀਤਾ, ਕਿਸੇ ਕਾਰਜ ਨਹੀਂ ਆਉਂਦਾ (ਕਿਉਂਕਿ ਉਹ ਭਰਮਿ ਭੁਲਾਣੀਆਂ ਹਨ)।
ਜਿਤੁ ਦਿਨਿ ਦੇਹ ਬਿਨਸਸੀ, ਤਿਤੁ ਵੇਲੈ ਕਹਸਨਿ ਪ੍ਰੇਤੁ ॥	ਬਿਨਸ਼ਸੀ	ਜਿਸ ਦਿਨ ਵਿਖੇ, ਦੇਹੀ ਖਤਮ ਹੁੰਦੀ ਹੈ, ਉਸੇ ਦਿਨ ਤੋਂ ਜੀਵ ਨੂੰ ਪ੍ਰੇਤ ਪ੍ਰੇਤ ਕਹਿਣ ਲਗ ਜਾਂਦੇ ਹਨ (ਲੋਕ)।
ਪਕੜਿ ਚਲਾਇਨਿ ਦੂਤ ਜਮ, ਕਿਸੈ ਨ ਦੇਨੀ ਭੇਤੁ ॥		ਜੀਵ ਨੂੰ ਜਮਦੂਤ ਪਕੜ ਕੇ ਲੈ ਜਾਂਦੇ ਹਨ ਤੇ ਇਸ ਦਾ ਭੇਤ ਕਿਸੇ ਨੂੰ ਨਹੀਂ ਦਿੰਦੇ (ਕਿ ਉਹ ਕਿਥੇ ਲੈ ਜਾਂਦੇ ਹਨ ਜੀਵ ਨੂੰ)।
ਛਡਿ ਖੜੋਤੇ ਖਿਨੈ ਮਾਹਿ, ਜਿਨ ਸਿਉ ਲਗਾ ਹੇਤੁ ॥	ਮਾਹਿਂ, ਸਿਉਂ	ਖਿਨ ਵਿਚ ਛੱਡ ਖੜੋਂਦੇ ਹਨ ਉਹ ਸਭ (ਸਾਕ), ਜਿਨਾਂ ਨਾਲ ਪਿਆਰ ਪਿਆ ਹੁੰਦਾ ਹੈ।
ਹਥ ਮਰੋੜੈ, ਤਨੁ ਕਪੇ, ਸਿਆਹਹੁ ਹੋਆ ਸੇਤੁ ॥	ਕੰਪੇ, ਸਿਆਹਹੁਂ	ਮੌਤ ਸਮੇ, ਜੀਵ ਬੜਾ ਤੜਫਦਾ ਹੈ – ਉਹ ਹੱਥ ਮਰੋੜਦਾ ਹੈ, ਉਸਦਾ ਸਰੀਰ ਕੰਬਦਾ ਹੈ ਤੇ ਕਾਲੇ ਤੋਂ ਬੱਗਾ (ਚਿੱਟਾ) ਹੋ ਜਾਂਦਾ ਹੈ (ਕਿਉਂਕਿ ਖੂਨ ਦਾ ਦੌਰਾ ਸਰੀਰ ਵਿਚ ਨਹੀਂ ਰਹਿੰਦਾ)।
ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ ॥	ਕਰਮਾਂ	ਜੋ ਇਥੇ ਬੀਜਿਆ ਹੁੰਦਾ ਹੈ ਉਹੀਂ ਵੱਢਣਾ ਪੈਂਦਾ ਹੈ ਕਿਉਂਕਿ ਇਹ ਸੰਸਾਰ ਕਰਮਾਂ ਦਾ ਖੇਤ ਹੈ।

ਸੰਥਿਆ – ਬਾਰਹਮਾਹਾ		
ਗੁਰਬਾਣੀ ਪਾਠ	**ਉਚਾਰਨ ਸੇਧ**	**ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ**
ਨਾਨਕ, ਪ੍ਰਭ ਸਰਣਾਗਤੀ, ਚਰਣ ਬੋਹਿਥ ਪ੍ਰਭ ਦੇਤੁ ॥	ਸ਼ਰਣਾਗਤੀ	੧. ਜੋ ਪ੍ਰਭ ਦੀ ਸ਼ਰਣ ਵਿਚ ਆ ਜਾਂਦੇ ਹਨ, ਉਹਨਾਂ ਨੂੰ, ਪ੍ਰਭ ਦੇ ਚਰਨਾਂ ਰੂਪੀ ਬੇੜਾ, ਗੁਰੂ ਦਿੰਦਾ ਹੈ। ੨. ਇਸ ਪੰਕਤੀ ਵਿਚ 'ਦੇਤੁ' ਕਿਰਿਆ ਦਾ ਕਰਤਾ ਸਤਿਗੁਰੂ ਹੈ। ਦੂਸਰੇ 'ਪ੍ਰਭ' ਦਾ ਅਖੀਰਲਾ ਔਂਕੜ ਇਸ ਕਰਕੇ ਲੁਪਤ ਹੈ ਕਿ ਇਸ ਦੇ ਅੱਗੇ "ਦੇ" ਸੰਬੰਧਕੀ ਪਦ ਲੁਪਤ ਹੈ। ੩. ਪਿਛਲੀ ਅਧ-ਪੰਕਤੀ ਦਾ ਅਨਵੈ ਹੈ – ਪ੍ਰਭ ਚਰਣ (ਰੂਪੀ) ਬੋਹਿਥ ਦੇਤੁ (ਸਤਿਗੁਰੂ ਦੇਤੁ)।
ਸੇ ਭਾਦੁਇ, ਨਰਕਿ ਨ ਪਾਈਅਹਿ, ਗੁਰੁ ਰਖਣਵਾਲਾ ਹੇਤੁ ॥੭॥	ਪਾਈਅਹਿਂ	ਜਿਨਾਂ ਦਾ ਹੇਤੂ ਤੇ ਰਖਵਾਲਾ ਗੁਰੂ ਹੁੰਦਾ ਹੈ, ਉਹ ਭਾਦੋਂ ਦੇ ਮਹੀਨੇ ਵਿਚ (ਸਰੀਰ ਛਡਿਆਂ) ਨਰਕ ਵਿਚ ਨਹੀਂ ਪਾਏ ਜਾਂਦੇ।
ਅਸੁਨਿ, ਪ੍ਰੇਮ ਉਮਾਹੜਾ, ਕਿਉ ਮਿਲੀਐ ਹਰਿ ਜਾਇ॥	ਕਿਉਂ	ਅਸੂ ਦੇ ਮਹੀਨੇ, ਮੇਰੇ ਅੰਦਰਿ ਪ੍ਰੇਮ ਦਾ ਉਮਾਹ (ਚਾਓ) ਉਠਿਆ ਹੈ ਕਿ ਕਿਵੇਂ ਜਾ ਕੇ ਹਰੀ ਨੂੰ ਮਿਲਿਆ ਜਾਵੇ।
ਮਨਿ ਤਨਿ ਪਿਆਸ ਦਰਸਨ ਘਣੀ, ਕੋਈ ਆਣਿ ਮਿਲਾਵੈ ਮਾਇ ॥	ਦਰਸ਼ਨ	ਹੇ ਮਾਈ, ਮੇਰੇ ਮਨ ਅਤੇ ਤਨ ਵਿਚ ਦਰਸ਼ਨ ਦੀ ਪਿਆਸ ਬਹੁਤ ਜ਼ਿਆਦਾ ਹੈ, ਕੋਈ ਆ ਕੇ ਮੈਨੂੰ ਹਰੀ ਨਾਲ ਮਿਲਾ ਦੇਵੇ।
ਸੰਤ ਸਹਾਈ ਪ੍ਰੇਮ ਕੇ, ਹਉ ਤਿਨ ਕੈ ਲਾਗਾ ਪਾਇ ॥	ਹਉਂ, ਲਾਗਾਂ, ਪਾਇਂ	ਇਲਾਹੀ ਪ੍ਰੇਮ ਲਗਿਆਂ ਦੇ ਸਹਾਈ ਜੋ ਸੰਤ ਜਨ ਹਨ, ਮੈਂ ਉਹਨਾਂ ਦੇ ਚਰਨੀਂ ਜਾ ਲੱਗਾਂ।
ਵਿਣੁ ਪ੍ਰਭ, ਕਿਉ ਸੁਖੁ ਪਾਈਐ, ਦੂਜੀ ਨਾਹੀ ਜਾਇ ॥	ਕਿਉਂ, ਨਾਹੀਂ	ਪ੍ਰਭੂ ਤੋਂ ਬਿਨਾਂ ਸੁਖ ਕਿਵੇਂ ਪਾਇਆ ਜਾ ਸਕਦਾ ਹੈ ਕਿਉਂਕਿ ਪ੍ਰਭੂ ਤੋਂ ਬਿਨਾਂ ਕੋਈ ਥਾਂ (ਜਾਇ) ਨਹੀਂ ਹੈ।
ਜਿੰਨ੍ਹੀ ਚਾਖਿਆ ਪ੍ਰੇਮ ਰਸੁ, ਸੇ ਤ੍ਰਿਪਤਿ ਰਹੇ ਆਘਾਇ ॥	ਜਿੰਨੀਂ	ਜਿਨਾਂ ਨੇ ਪ੍ਰੇਮ ਦਾ ਰਸ ਚਖ ਲਿਆ ਹੈ, ਉਹ ਤ੍ਰਿਪਤ ਹੋਏ ਤੇ ਰੱਜੇ ਹੋਏ ਰਹਿੰਦੇ ਹਨ। ਉਹਨਾਂ ਨੇ ਇਹ ਅਵਸਥਾ ਕਿਵੇਂ ਪ੍ਰਾਪਤ ਕੀਤੀ, ਅਗਲੀ ਪੰਕਤੀ ਵਿਚ ਦੱਸਦੇ ਹਨ…
ਆਪੁ ਤਿਆਗਿ, ਬਿਨਤੀ ਕਰਹਿ, ਲੇਹੁ ਪ੍ਰਭੂ ਲੜਿ ਲਾਇ ॥	ਕਰਹਿਂ	…ਆਪਾ ਤਿਆਗ ਕੇ, ਉਹ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਸਾਨੂੰ ਲੜ ਲਾ ਲਵੋ ਜੀ।
ਜੋ ਹਰਿ ਕੰਤਿ ਮਿਲਾਈਆ, ਸਿ ਵਿਛੁੜਿ ਕਤਹਿ ਨ ਜਾਇ ॥	ਮਿਲਾਈਆਂ, ਜਾਇਂ	ਜੋ ਜੀਵ ਇਸਤ੍ਰੀਆਂ, ਹਰਿ ਕੰਤ ਨੇ ਮਿਲਾ ਲਈਆਂ ਹਨ, ਉਹ ਵਿਛੜ ਕੇ ਕਿਤੇ ਨਹੀਂ ਜਾਂਦੀਆਂ
ਪ੍ਰਭ ਵਿਣੁ, ਦੂਜਾ ਕੋ ਨਹੀ, ਨਾਨਕ ਹਰਿ ਸਰਣਾਇ ॥	ਨਹੀਂ, ਸ਼ਰਣਾਇ	ਪ੍ਰਭੂ ਤੋਂ ਬਿਨਾਂ ਹੋਰ ਕੋਈ (ਕਰਤਾ, ਸੰਮ੍ਰਥ) ਨਹੀਂ ਹੈ, ਤਾਂ ਤੇ ਹਰੀ ਦੀ ਹੀ ਸ਼ਰਨ ਵਿਚ ਰਹਿਣਾ ਚਾਹੀਦਾ ਹੈ।

ਸੰਥਿਆ – ਬਾਰਹਮਾਹਾ		
ਗੁਰਬਾਣੀ ਪਾਠ	**ਉਚਾਰਨ ਸੇਧ**	**ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ**
ਅਸੁ ਸੁਖੀ ਵਸੰਦੀਆ, ਜਿਨਾ ਮਇਆ ਹਰਿ ਰਾਇ ॥੮॥	ਵਸੰਦੀਆਂ, ਜਿਨਾਂ	ਅਸੂ ਦੇ ਮਹੀਨੇ ਉਹ ਸੁਖੀ ਵਸਦੀਆਂ ਹਨ ਜਿਨਾਂ ਤੇ ਹਰੀ ਰਾਇ (ਰਾਜੇ) ਨੇ ਕਿਰਪਾ ਕੀਤੀ ਹੈ।
ਕਤਿਕਿ, ਕਰਮ ਕਮਾਵਣੇ, ਦੋਸੁ ਨ ਕਾਹੂ ਜੋਗੁ ॥	ਦੋਸ਼	
ਪਰਮੇਸਰ ਤੇ ਭੁਲਿਆਂ, ਵਿਆਪਨਿ ਸਭੇ ਰੋਗ ॥	ਪਰਮੇਸ਼ਰ	ਇਸ ਮਹਾਂਵਾਕ ਤੋਂ ਇਹ ਸਿਧ ਹੁੰਦਾ ਹੈ ਕਿ ਗੁਰਮਤਿ ਮੁਤਾਬਕ, ਸਭ ਰੋਗਾਂ ਦਾ ਇਕੋ ਹੀ ਮੂਲ ਕਾਰਨ ਹੈ – ਪਰਮੇਸ਼ਰ ਨੂੰ ਭੁਲਣਾ।
ਵੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ ॥		ਰਾਮ ਤੋਂ ਬੇਮੁਖ ਹੋਇਆਂ ਨੂੰ ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ।
ਖਿਨ ਮਹਿ ਕਉੜੇ ਹੋਇ ਗਏ, ਜਿਤੜੇ ਮਾਇਆ ਭੋਗ ॥		ਮਾਇਆ ਦੇ ਭੋਗ (ਜਿਨਾਂ ਪਿਛੇ ਉਹ ਪਰਮੇਸ਼ਰ ਨੂੰ ਭੁਲਾਉਂਦੇ ਹਨ) ਇਕ ਖਿਨ ਵਿਚ ਕਉੜੇ ਹੋ ਜਾਂਦ ਹਨ...
ਵਿਚੁ ਨ ਕੋਈ ਕਰਿ ਸਕੈ, ਕਿਸ ਥੈ ਰੋਵਹਿ ਰੋਜ ॥	ਥੈਂ, ਰੋਵਹਿਂ, ਰੋਜ਼	...ਕੋਈ ਉਹਨਾਂ (ਬੇਮੁਖਾਂ) ਲਈ ਵਿਚੋਲਗਿਰੀ ਨਹੀਂ ਕਰਦਾ, ਉਹ ਕਿਥੇ ਜਾ ਰੋਣ ਵੇਚਾਰੇ।
ਕੀਤਾ ਕਿਛੂ ਨ ਹੋਵਈ, ਲਿਖਿਆ ਧੁਰਿ ਸੰਜੋਗ ॥		ਪਰ (ਕਿਸੇ ਦਾ) ਕੀਤਾ ਕੁਝ ਨਹੀਂ ਹੋ ਸਕਦਾ, ਪਰਮਾਤਮਾ ਨੂੰ ਮਿਲਣ ਦੇ ਸੰਜੋਗ ਤਾਂ ਧੁਰੋਂ ਹੀ ਲਿਖੇ ਹੁੰਦੇ ਹਨ।
ਵਡਭਾਗੀ ਮੇਰਾ ਪ੍ਰਭੁ ਮਿਲੈ, ਤਾਂ ਉਤਰਹਿ ਸਭਿ ਬਿਓਗ ॥	ਵਡਭਾਗੀਂ, ਉਤਰਹਿਂ	ਜੇ ਵੱਡੇ ਭਾਗਾਂ ਕਰਕੇ ਮੇਰਾ ਪ੍ਰਭ, ਉਹਨਾਂ (ਵੇਮੁਖਾਂ) ਨੂੰ ਮਿਲ ਪਵੇ ਤਾਂ ਫੇਰ ਸਾਰੇ ਵਿਜੋਗ (ਨਾਲ ਸੰਬੰਧਤ ਦੁਖ) ਉਤਰ ਜਾਂਦੇ ਹਨ।
ਨਾਨਕ ਕਉ ਪ੍ਰਭ ਰਾਖਿ ਲੇਹਿ, ਮੇਰੇ ਸਾਹਿਬ, ਬੰਦੀਮੋਚ ॥		ਹੇ ਮੇਰੇ ਸਾਹਿਬ, ਮੇਰੇ ਬੰਦੀਮੋਚ ਪ੍ਰਭੂ, ਮੈਨੂੰ ਨਾਨਕ ਨੂੰ ਰੱਖ ਲਓ ਜੀ।
ਕਤਿਕ ਹੋਵੈ ਸਾਧਸੰਗੁ, ਬਿਨਸਹਿ ਸਭੇ ਸੋਚ ॥੯॥	ਬਿਨਸਹਿਂ	ਜੇਕਰ ਕੱਤਕ ਦੇ ਮਹੀਨੇ ਵਿਚ ਸਾਧਸੰਗੁ ਪ੍ਰਾਪਤ ਹੋ ਜਾਵੇ ਤਾਂ ਸਭ ਫਿਕਰ (ਸੋਚ) ਖਤਮ ਹੋ ਜਾਂਦੇ ਹਨ।
ਮੰਘਿਰਿ ਮਾਹਿ ਸੋਹੰਦੀਆ, ਹਰਿ ਪਿਰ ਸੰਗਿ ਬੈਠੜੀਆਹ ॥	ਸੋਹੰਦੀਆਂ, ਬੈਠੜੀਆਂਹ	੧. ਜਦੋਂ "ਮੰਘਿਰਿ ਮਾਹਿ" ਵਲ ਨਜ਼ਰ ਮਾਰੀਦੀ ਹੈ ਤਾਂ ਸਵਾਲ ਉਠਦਾ ਹੈ ਕਿ "ਮੰਘਿਰਿ" ਦੇ ਅਖੀਰਲੀ ਸਿਹਾਰੀ ਦੇ ਹੁੰਦਿਆਂ "ਮਾਹਿ" ਦੀ ਕੀ ਲੋੜ ਸੀ ਕਿਉਂਕਿ ਸਿਹਾਰੀ ਵਿਚੋਂ ਵੀ "ਮਾਹਿ" ਜਾਂ "ਵਿਚ" ਦੇ ਅਰਥ ਨਿਕਲ ਆਉਂਦੇ ਹਨ। ਪੜਚੋਲ ਕੀਤਿਆਂ ਪਤਾ ਲਗਦਾ ਹੈ ਕਿ "ਮਾਹਿ" ਇਥੇ ਸੰਬੰਧਕੀ ਪਦ ਨਹੀਂ ਹੈ ਬਲਕਿ ਨਾਂਵ ਹੈ ਤੇ ਇਸ ਦਾ ਅਰਥ ਹੈ "ਮਹੀਨਾ"। "ਮਾਹਿ" ਦੇ ਅਖੀਰਲੀ ਸਿਹਾਰੀ "ਵਿਚ" ਦਾ ਅਰਥ ਦਿੰਦੀ ਹੈ। "ਮੰਘਿਰਿ ਮਾਹਿ" ਦਾ ਅਰਥ ਹੈ "ਮੰਘਰ ਮਹੀਨੇ ਵਿਚ"।
ਤਿਨ ਕੀ ਸੋਭਾ ਕਿਆ ਗਣੀ, ਜਿ ਸਾਹਿਬਿ ਮੇਲੜੀਆਹ ॥	ਸ਼ੋਭਾ, ਗਣੀਂ, ਮੇਲੜੀਆਂਹ	ਗਣੀ = ਗਣੀਂ = ਮੈਂ ਗਣਾਂ।ਉਹਨਾਂ ਦੀ ਸ਼ੋਭਾ ਮੈਂ ਕੀ ਗਣਾਂ ਜੋ ਸਾਹਿਬ ਨੇ ਮੇਲ ਲਈਆਂ ਹਨ।

ਸੰਥਿਆ – ਬਾਰਹਮਾਹਾ		
ਗੁਰਬਾਣੀ ਪਾਠ	**ਉਚਾਰਨ ਸੇਧ**	**ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ**
ਤਨੁ ਮਨੁ ਮਉਲਿਆ, ਰਾਮ ਸਿਉ, ਸੰਗਿ ਸਾਧ ਸਹੇਲੜੀਆਹ ॥	ਸਿਉਂ, ਸਹੇਲੜੀਆਂਹ	ਉਹਨਾਂ ਸੋਹਣੀਆਂ ਸਹੇਲੀਆਂ ਦਾ ਤਨ ਤੇ ਮਨ ਰਾਮ ਸੰਗ ਖਿੜਿਆ ਰਹਿੰਦਾ ਹੈ, ਜੋ ਸਾਧ ਦੇ ਸੰਗ ਹਨ। ਸਾਧ ਤੋਂ ਮੁਰਾਦ ਹੈ ਸਤਿਗੁਰੂ ਦੀ। 'ਸੰਗਿ ਸਾਧ ਸਹੇਲੜੀਆਹ' ਤੋਂ ਭਾਵ ਹੈ ਜੋ ਸਹੇਲੜੀਆਂ (ਸੋਹਣੀਆਂ ਸਹੇਲੀਆਂ) ਸਾਧ ਦੇ ਸੰਗਿ ਰਹਿੰਦੀਆਂ ਹਨ।
ਸਾਧ ਜਨਾ ਤੇ ਬਾਹਰੀ, ਸੇ ਰਹਨਿ ਇਕੇਲੜੀਆਹ ॥	ਜਨਾਂ, ਇਕੇਲੜੀਆਂਹ	ਸਾਧ ਜਨਾਂ ਤੋਂ ਬਾਹਰ ਜੋ ਜੀਵ ਇਸਤ੍ਰੀਆਂ ਹਨ ਉਹ ਵਾਹਿਗੁਰੂ ਪਤੀ ਤੋਂ ਬਿਨਾਂ ਇਕਲੀਆਂ ਹੀ ਰਹਿੰਦੀਆਂ ਹਨ…
ਤਿਨ ਦੁਖੁ ਨ ਕਬਹੂ ਉਤਰੈ, ਸੇ ਜਮ ਕੈ ਵਸਿ ਪੜੀਆਹ ॥	ਕਬਹੂੰ, ਪੜੀਆਂਹ	… ਉਹਨਾਂ ਦਾ ਦੁਖ ਕਦੇ ਨਹੀਂ ਉਤਰਦਾ ਤੇ ਉਹ ਮਰ ਕੇ ਜਮ ਦੇ ਵੱਸ ਪੈਂਦੀਆਂ ਹਨ।
ਜਿਨੀ ਰਾਵਿਆ ਪ੍ਰਭੁ ਆਪਣਾ, ਸੇ ਦਿਸਨਿ ਨਿਤ ਖੜੀਆਹ ॥	ਜਿਨੀਂ, ਖੜੀਆਂਹ	ਜਿਨਾਂ ਨੇ ਪ੍ਰਭੂ ਨੂੰ ਮਾਣਿਆ ਹੈ, ਉਹ ਸਦਾ ਖੜੀਆਂ (ਨਾਮ ਵਿਚ ਸਾਵਧਾਨ) ਨਜ਼ਰ ਆਉਂਦੀਆਂ ਹਨ।
ਰਤਨ ਜਵੇਹਰ ਲਾਲ ਹਰਿ, ਕੰਠਿ ਤਿਨਾ ਜੜੀਆਹ ॥	ਤਿਨਾਂ	ਰਤਨਾਂ ਲਾਲਾਂ ਤੇ ਜਵਾਹਰਾਂ ਦਾ ਹਾਰ ਰੂਪੀ ਹਰੀ ਉਹਨਾਂ ਦੇ ਗਲੇ ਵਿਚ ਜੜਿਆ ਰਹਿੰਦਾ ਹੈ ਭਾਵ ਉਹਨਾਂ ਦੇ ਗਲੇ ਵਿਚ ਸਦਾ ਨਾਮ ਰੂਪੀ ਹਾਰ ਸੋਂਹਦਾ ਹੈ।
ਨਾਨਕ, ਬਾਂਛੈ ਧੂੜਿ ਤਿਨ, ਪ੍ਰਭ ਸਰਣੀ ਦਰਿ ਪੜੀਆਹ ॥	ਸ਼ਰਣੀ, ਪੜੀਆਂਹ	ਗੁਰੂ ਸਾਹਿਬ ਕਹਿੰਦੇ ਹਨ ਕਿ ਉਹਨਾਂ ਦੀ ਧੂੜੀ ਦੀ ਇਛਾ ਕਰੋ ਜੋ ਦਰ ਤੇ ਪ੍ਰਭੂ ਦੀ ਸ਼ਰਣ ਵਿਚ ਪਈਆਂ ਹਨ।
ਮੰਘਿਰਿ, ਪ੍ਰਭੁ ਆਰਾਧਣਾ, ਬਹੁੜਿ ਨ ਜਨਮੜੀਆਹ ॥੧੦॥		ਮੱਘਰ ਵਿਚ ਪ੍ਰਭ ਨੂੰ ਆਰਾਧਣਾ ਕਰੇ, ਫੇਰ ਦੁਬਾਰਾ ਜਨਮੜਾ ਨਹੀਂ ਲੈਣਾ ਪੈਂਦਾ।
ਪੋਖਿ ਤੁਖਾਰੁ ਨ ਵਿਆਪਈ, ਕੰਠਿ ਮਿਲਿਆ ਹਰਿ ਨਾਹੁ ॥		ਪੋਹ ਦੇ ਮਹੀਨੇ ਵਿਚ ਉਹਨਾਂ ਨੂੰ, ਤੁਖਾਰੁ (ਪਾਲਾ) ਨਹੀਂ ਵਿਆਪਦਾ, ਜਿਨਾਂ ਦੇ ਗਲੇ ਹਰੀ ਪਤੀ ਮਿਲਿਆ ਹੋਵੇ।
ਮਨੁ ਬੇਧਿਆ ਚਰਨਾਰਬਿੰਦ, ਦਰਸਨਿ ਲਗੜਾ ਸਾਹੁ ॥	ਦਰਸ਼ਨਿ	੧. ਚਰਨਾਰਬਿੰਦ = ਚਰਨ+ਅਰਬਿੰਦ = ਚਰਨ ਕਮਲ। ੨. ਦਰਸਨਿ ਲਗੜਾ ਸਾਹੁ = ਦਰਸ਼ਨ ਲਈ ਸਾਹ ਸਾਹ ਉਤਾਵਲਾ ਹੈ।
ਓਟ ਗੋਵਿੰਦ ਗੋਪਾਲ ਰਾਇ, ਸੇਵਾ ਸੁਆਮੀ ਲਾਹੁ ॥		ਗੋਵਿੰਦ ਗੁਪਾਲ ਰਾਇ (ਰਾਜੇ) ਦੀ ਓਟ ਵਿਚ ਰਹਿਣ ਨਾਲ ਸੁਆਮੀ ਵਾਹਿਗੁਰੂ ਦੀ ਸੇਵਾ ਦਾ ਲਾਹਾ ਪ੍ਰਾਪਤ ਹੁੰਦਾ ਹੈ।
ਬਿਖਿਆ ਪੋਹਿ ਨ ਸਕਈ, ਮਿਲਿ ਸਾਧੂ ਗੁਣ ਗਾਹੁ ॥		ਜਿਨਾਂ ਨੂੰ ਸਤਿਗੁਰ ਰੂਪੀ ਸਾਧੂ ਨੂੰ ਮਿਲ ਕੇ ਗੁਣਾਂ ਦਾ ਗਾਇਣ (ਗਾਹੁ) ਪ੍ਰਾਪਤ ਹੁੰਦਾ ਹੈ (ਭਾਵ ਸਿਫਤਿ ਸਾਲਾਹ ਪ੍ਰਾਪਤ ਹੁੰਦੀ ਹੈ), ਉਹਨਾਂ ਨੂੰ ਬਿਖਿਆ ਨਹੀਂ ਪੋਹ ਸਕਦੀ।

ਸੰਥਿਆ – ਬਾਰਹਮਾਹਾ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਜਹ ਤੇ ਉਪਜੀ ਤਹ ਮਿਲੀ, ਸਚੀ ਪ੍ਰੀਤਿ ਸਮਾਹੁ ॥	ਜਹਾਂ, ਤਹਾਂ	
ਕਰੁ ਗਹਿ ਲੀਨੀ ਪਾਰਬ੍ਰਹਮਿ, ਬਹੁੜਿ ਨ ਵਿਛੁੜੀਆਹੁ ॥		ਪਾਰਬ੍ਰਹਮ ਨੇ ਹੱਥ (ਕਰੁ) ਫੜ ਕੇ ਲੈ ਲਈ (ਗਲ ਲਾ ਲਈ), ਹੁਣ ਦੁਬਾਰਾ ਵਿਛੁੜਨਾ ਨਹੀਂ ਹੋਵੇਗਾ।
ਬਾਰਿ ਜਾਉ ਲਖ ਬੇਰੀਆ, ਹਰਿ ਸਜਣੁ ਅਗਮ ਅਗਾਹੁ ॥	ਜਾਉਂ, ਬੇਰੀਆਂ	ਮੈਂ ਲੱਖ ਵਾਰ ਸਦਕੇ ਜਾਵਾਂ ਕਿਉਂਕਿ ਹਰਿ ਅਗਮ ਅਗਾਹੁ ਮੇਰਾ ਸਜਣੁ ਹੈ।
ਸਰਮ ਪਈ ਨਾਰਾਇਣੈ, ਨਾਨਕ ਦਰਿ ਪਈਆਹੁ ॥	ਸ਼ਰਮ	ਇਸ ਪੰਕਤੀ ਦੇ ਅਰਥ ਬੜੇ ਚੋਜ-ਬਿਨੋਦੀ ਹਨ: ਨਾਰਾਇਣ ਨੂੰ ਦਰ ਤੇ ਪਿਆਂ ਦੀ ਲਾਜ ਰਖਣੀ ਪਈ। ਇਸ ਤੋਂ ਇਹ ਗੁਰਮਤਿ ਸਿਧਾਂਤ ਸਿਧ ਹੁੰਦਾ ਹੈ ਕਿ ਜੇਕਰ ਵਾਹਿਗੁਰੂ ਦੇ ਦਰ ਤੇ ਪਏ ਰਹੀਏ ਤਾਂ ਓੜਕ ਓਸ ਨੂੰ ਲਾਜ ਰਖਣੀ ਹੀ ਪੈਂਦੀ ਹੈ। "ਪਾਵਉ ਦਾਨੁ ਢੀਠੁ ਹੋਇ ਮਾਗਉ" ਵਾਲੀ ਗੱਲ ਹੈ।
ਪੋਖੁ ਸੁੋਹੰਦਾ ਸਰਬ ਸੁਖ, ਜਿਸੁ ਬਖਸੇ ਵੇਪਰਵਾਹੁ ॥੧੧॥	ਸੁੋਹੰਦਾ = ਸੋਹੰਦਾ ਬਖਸ਼ੇ	"ਸੁੋਹੰਦਾ" ਦਾ ਉਚਾਰਨ ਹੈ "ਸੁਹੰਦਾ"। ਇਸ ਨੂੰ ਹੋੜਾ ਮੂਲ ਰੂਪ ਵਜੋਂ ਲਗਿਆ ਹੈ ਪਰ ਔਂਕੜ ਉਚਾਰਨ ਵਾਸਤੇ ਹੈ।
ਮਾਘਿ ਮਜਨੁ ਸੰਗਿ ਸਾਧੂਆ, ਧੂੜੀ ਕਰਿ ਇਸਨਾਨੁ ॥	ਸਾਧੂਆਂ, ਇਸ਼ਨਾਨ	ਮਾਘ ਦੇ ਮਹੀਨੇ ਵਿਚ, ਸਾਧੂਆਂ ਦੀ ਸੰਗਤ ਵਿਚ ਬੈਠਣਾ, ਇਹ ਮਜਨ ਹੈ, ਤਾਂ ਤੇ ਉਹਨਾਂ ਦੀ ਧੂੜੀ ਵਿਚ ਇਸ਼ਨਾਨ ਕਰਿ ਭਾਵ ਉਹਨਾਂ ਦੀ ਸੰਗਤ ਕਰਿ।
ਹਰਿ ਕਾ ਨਾਮੁ ਧਿਆਇ ਸੁਣਿ, ਸਭਨਾ ਨੋ ਕਰਿ ਦਾਨੁ ॥	ਸਭਨਾਂ	੧. ਹਰਿ ਕਾ ਨਾਮ ਸੁਣਿ ਕੇ ਧਿਆ, ਤੇ ਸਭਨਾਂ ਨੂੰ ਹਰਿ ਨਾਮ ਜਪਣ ਲਈ ਪ੍ਰੇਰਣਾ ਕਰਿ। ਨਾਮ ਨੂੰ ਸੁਨਣ ਨਾਲ ਹੀ ਨਾਮ ਵਿਚ ਧਿਆਨ ਲਗਦਾ ਹੈ: ਸੁਣਿਐ ਲਾਗੈ ਸਹਜਿ ਧਿਆਨੁ॥ ੨. ਨਾਮ ਦਾ ਦਾਨ ਕਰਨ ਤੋਂ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਸਭ ਨੂੰ ਨਾਮ ਦੇਣਾ ਸ਼ੁਰੂ ਕਰ ਦੇਵੋ। ਨਾਮ ਦੇਣ ਦਾ ਅਧਿਕਾਰ, ਫੀ-ਜ਼ਮਾਨਾ, ਕੇਵਲ ਪੰਜ ਪਿਆਰਿਆਂ ਕੋਲ ਹੈ।
ਜਨਮ ਕਰਮ ਮਲੁ ਉਤਰੈ, ਮਨ ਤੇ ਜਾਇ ਗੁਮਾਨੁ॥		ਸਾਧੂਆਂ ਦੀ ਸੰਗਤਿ ਕਰਨ ਨਾਲ ਤੇ ਨਾਮ ਧਿਆਉਣ ਨਾਲ ਜਨਮਾਂ ਦੇ ਕਰਮਾਂ ਦੀ ਮੈਲ ਉਤਰ ਜਾਂਦੀ ਹੈ ਤੇ ਮਨ ਤੋਂ ਹੰਕਾਰ ਚਲਾ ਜਾਂਦਾ ਹੈ।
ਕਾਮਿ ਕਰੋਧਿ ਨ ਮੋਹੀਐ, ਬਿਨਸੈ ਲੋਭੁ ਸੁਆਨੁ ॥	ਬਿਨਸ਼ੈ	ਸਾਧੂਆਂ ਦੀ ਸੰਗਤਿ ਕਰਨ ਨਾਲ ਤੇ ਨਾਮ ਧਿਆਉਣ ਨਾਲ ਕਾਮ ਤੇ ਕ੍ਰੋਧ ਦੁਆਰ ਠਗੇ ਨਹੀਂ ਜਾਈਦਾ ਤੇ ਕੁੱਤਾ ਲੋਭ ਨਾਸ ਹੋ ਜਾਂਦਾ ਹੈ।
ਸਚੈ ਮਾਰਗਿ ਚਲਦਿਆ, ਉਸਤਤਿ ਕਰੇ ਜਹਾਨੁ ॥	ਚਲਦਿਆਂ	ਸੱਚੇ ਮਾਰਗ ਤੇ ਚਲਦਿਆਂ ਸਾਰਾ ਜਹਾਨ ਉਸਤਤਿ ਕਰਦਾ ਹੈ।

ਸੰਥਿਆ – ਬਾਰਹਮਾਹਾ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਅਠਸਠਿ ਤੀਰਥ, ਸਗਲ ਪੁੰਨ, ਜੀਅ ਦਇਆ ਪਰਵਾਨੁ ॥		ਦੁਨੀਆ ਵਿਚ ਪਰਵਾਨ ਧਾਰਮਕ ਕਰਮ ਜਿਵੇਂ ਕਿ ਅਠਸਠਿ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ ਅਤੇ ਜੀਵਾਂ ਤੇ ਦਇਆ ਆਦਿ ਕਰਨੀ, ਇਹ ਸਭ ਸਾਧੂਆਂ ਨਾਲ ਮਿਲਕੇ "ਹਰਿ ਕਾ ਨਾਮੁ ਧਿਆਇ ਸੁਣਿ" ਕਰਨ ਵਿਚ ਹੀ ਆ ਜਾਂਦੇ ਹਨ। ਐਸੀ ਵਡਿਆਈ ਹੈ ਗੁਰਮਤਿ ਨਾਮ ਜਪਣ ਦੀ।
ਜਿਸ ਨੋ ਦੇਵੈ ਦਇਆ ਕਰਿ, ਸੋਈ ਪੁਰਖੁ ਸੁਜਾਨੁ ॥		
ਜਿਨਾ ਮਿਲਿਆ ਪ੍ਰਭੁ ਆਪਣਾ, ਨਾਨਕ ਤਿਨ ਕੁਰਬਾਣੁ ॥	ਜਿਨਾਂ	
ਮਾਘਿ ਸੁਚੇ ਸੇ ਕਾਂਢੀਅਹਿ, ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥	ਕਾਂਢੀਅਹਿਂ	ਮਾਘ ਦੇ ਮਹੀਨੇ ਵਿਚ, ਉਹ ਸੁੱਚੇ ਜਾਣੇ ਜਾਂਦੇ ਹਨ, ਜਿਨਾਂ ਪੂਰਾ ਮਿਹਰਵਾਨੁ ਗੁਰੁ ਮਿਲਦਾ ਹੈ।
ਫਲਗੁਣਿ ਅਨੰਦ ਉਪਾਰਜਨਾ, ਹਰਿ ਸਜਣ ਪ੍ਰਗਟੇ ਆਇ ॥	ਉਪਾਰਜਨਾਂ	ਫਲਗੁਣਿ ਵਿਚ ਉਪਾਰਜਨਾਂ (ਗੁਰਮੁਖਾਂ) ਨੂੰ ਅਨੰਦ ਹੁੰਦੇ ਹਨ ਜਦੋਂ ਹਰਿ ਸੱਜਣ ਪ੍ਰਗਟ ਹੋਇ ਆਉਂਦੇ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਮੁਤਾਬਕ "ਉਪਾਰਜਨਾਂ" ਦਾ ਭਾਵ ਭੀਤਰ ਹੀ ਅਨੰਦ ਉਪਜਾਵਣਹਾਰੇ ਭਗਤ ਜਨ ਹੈ।
ਸੰਤ ਸਹਾਈ ਰਾਮ ਕੇ, ਕਰਿ ਕਿਰਪਾ ਦੀਆ ਮਿਲਾਇ ॥		ਰਾਮ ਨੂੰ ਮਿਲਣ ਵਿਚ ਸਹਾਈ ਹੋਣ ਵਾਲਿਆਂ ਸੰਤਾਂ ਨੇ ਕਿਰਪਾ ਕਰਕੇ ਹਰਿ ਮਿਲਾ ਦਿਤਾ ਹੈ।
ਸੇਜ ਸੁਹਾਵੀ ਸਰਬ ਸੁਖ, ਹੁਣਿ ਦੁਖਾ ਨਾਹੀ ਜਾਇ ॥	ਦੁਖਾਂ	ਸੇਜ ਸੁਹਾਵੀ ਹੈ, ਸਰਬ ਸੁਖ ਮੁਯੱਸਰ ਹਨ, ਹੁਣ ਦੁਖਾਂ ਨੂੰ ਕੋਈ ਥਾਂ (ਜਾਇ) ਨਹੀਂ ਹੈ ਭਾਵ ਦੁਖਾਂ ਦਾ ਬਿਨਾਸ਼ ਹੋ ਗਿਆ ਹੈ।
ਇਛ ਪੁਨੀ ਵਡਭਾਗਣੀ, ਵਰੁ ਪਾਇਆ ਹਰਿ ਰਾਇ ॥		
ਮਿਲਿ ਸਹੀਆ ਮੰਗਲੁ ਗਾਵਹੀ, ਗੀਤ ਗੋਵਿੰਦ ਅਲਾਇ ॥	ਸਹੀਆਂ, ਗਾਵਹੀਂ	ਸਹੀਆਂ (ਸਹੇਲੀਆਂ) ਮਿਲ ਕੇ ਗੋਬਿੰਦ ਦੇ ਗੀਤ ਰੂਪੀ ਮੰਗਲ ਗਾਉਂਦੀਆਂ ਹਨ ਅਲਾਹੁੰਦੀਆਂ (ਬੋਲਦੀਆਂ) ਹਨ।
ਹਰਿ ਜੇਹਾ ਅਵਰੁ ਨ ਦਿਸਈ, ਕੋਈ ਦੂਜਾ, ਲਵੈ ਨ ਲਾਇ ॥		"ਲਵੈ ਨ ਲਾਇ" ਤੋਂ ਭਾਵ ਹੈ ਕਿ ਕੋਈ ਬਰਾਬਰ ਨਹੀਂ ਆਉਂਦਾ।
ਹਲਤੁ ਪਲਤੁ ਸਵਾਰਿਓਨੁ, ਨਿਹਚਲ ਦਿਤੀਅਨੁ ਜਾਇ ॥		੧. "ਜਾਇ" ਦਾ ਭਾਵ ਹੈ ਥਾਂ। ੨. ਹਰਿ ਨੇ ਹਲਤੁ (ਇਹ ਲੋਕ) ਅਤੇ ਪਲਤੁ (ਪਰਲੋਕ) ਸਵਾਰ ਦਿਤਾ ਹੈ ਅਤੇ ਨਿਹਚੱਲ ਥਾਂ ਬਖਸ਼ ਦਿਤੀ ਹੈ।
ਸੰਸਾਰ ਸਾਗਰ ਤੇ ਰਖਿਅਨੁ, ਬਹੁੜਿ ਨ ਜਨਮੈ ਧਾਇ ॥		
ਜਿਹਵਾ ਏਕ, ਅਨੇਕ ਗੁਣ, ਤਰੇ, ਨਾਨਕ, ਚਰਣੀ ਪਾਇ ॥	ਚਰਣੀਂ	
ਫਲਗੁਣਿ ਨਿਤ ਸਲਾਹੀਐ, ਜਿਸ ਨੋ ਤਿਲੁ ਨ ਤਮਾਇ ॥੧੩॥		

ਸੰਥਿਆ – ਬਾਰਹਮਾਹਾ		
ਗੁਰਬਾਣੀ ਪਾਠ	**ਉਚਾਰਨ ਸੇਧ**	**ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ**
ਜਿਨਿ ਜਿਨਿ ਨਾਮੁ ਧਿਆਇਆ, ਤਿਨ ਕੇ ਕਾਜ ਸਰੇ ॥		ਜਿਸ ਜਿਸ ਨੇ ਵੀ ਨਾਮ ਧਿਆਇਆ ਹੈ ਉਸ ਦੇ ਸਾਰੇ ਕਾਜ ਸਵਰ ਗਏ ਹਨ।
ਹਰਿ ਗੁਰੁ ਪੂਰਾ ਆਰਾਧਿਆ, ਦਰਗਹ ਸਚਿ ਖਰੇ ॥		ਜਿਨਾਂ ਨੇ ਪੂਰੇ ਹਰੀ ਰੂਪੀ ਗੁਰੂ ਨੂੰ ਆਰਾਧਿਆ ਹੈ ਉਹ ਸਚੀ ਦਰਗਹ ਖੜੇ ਨਜ਼ਰ ਆਉਂਦੇ ਹਨ ਭਾਵ ਉਹਨਾਂ ਨੂੰ ਸਚੀ ਦਰਗਹ ਜਗ੍ਹਾ ਮਿਲਦੀ ਹੈ।
ਸਰਬ ਸੁਖਾ ਨਿਧਿ ਚਰਣ ਹਰਿ, ਭਉਜਲੁ ਬਿਖਮੁ ਤਰੇ ॥	ਸੁਖਾਂ	੧. ਸਰਬ ਸੁਖਾ ਨਿਧਿ = ਸਾਰੇ ਸੁਖਾਂ ਦਾ ਖਜ਼ਾਨਾ। ੨. ਹਰੀ ਦੇ ਚਰਣ ਸਾਰੇ ਸੁਖਾਂ ਦਾ ਖਜ਼ਾਨਾ ਹਨ ਤੇ ਇਹਨਾਂ ਦੇ ਆਸਰੇ ਹੀ ਬਿਖਮ ਭਉਜਲ ਨੂੰ ਤਰੀਏ।
ਪ੍ਰੇਮ ਭਗਤਿ ਤਿਨ ਪਾਈਆ, ਬਿਖਿਆ ਨਾਹਿ ਜਰੇ ॥		ਉਹਨਾਂ ਨੇ ਪ੍ਰੇਮਾ ਭਗਤੀ ਪ੍ਰਾਪਤਿ ਕੀਤੀ ਹੈ ਅਤੇ ਉਹ ਬਿਖ ਵਿਚ ਨਹੀਂ ਜਲੇ (ਜਰੇ) ਭਾਵ ਜਲਦੇ।
ਕੂੜ ਗਏ, ਦੁਬਿਧਾ ਨਸੀ, ਪੂਰਨ ਸਚਿ ਭਰੇ ॥		
ਪਾਰਬ੍ਰਹਮੁ ਪ੍ਰਭੁ ਸੇਵਦੇ, ਮਨ ਅੰਦਰਿ ਏਕੁ ਧਰੇ ॥	ਸੇਂਵਦੇ	ਮਨ ਅੰਦਰ ਏਕ ਨਾਮ ਨੂੰ ਧਰ ਕੇ ਇਸ ਬਿਧਿ ਪਾਰਬ੍ਰਹਮ ਪ੍ਰਭ ਨੂੰ ਸੇਂਵਦੇ ਹਨ।
ਮਾਹ ਦਿਵਸ ਮੂਰਤ ਭਲੇ, ਜਿਸ ਕਉ ਨਦਰਿ ਕਰੇ ॥		ਉਹਨਾਂ ਦੇ ਮਹੀਨੇ, ਦਿਨ ਤੇ ਮਹੂਰਤ ਸਭ ਭਲੇ ਹਨ ਜਿਨਾਂ ਤੇ ਵਾਹਿਗੁਰੂ ਨਦਰਿ ਕਰ ਦੇਵੇ।
ਨਾਨਕੁ ਮੰਗੈ ਦਰਸ ਦਾਨੁ, ਕਿਰਪਾ ਕਰਹੁ ਹਰੇ ॥੧੪॥੧॥	ਦਰਸ਼	ਹੇ ਹਰੀ, ਨਾਨਕ (ਗੁਰੂ ਸਾਹਿਬ) ਦਰਸ਼ ਦਾਨ ਮੰਗਦਾ ਹੈ, ਕਿਰਪਾ ਕਰੋ। "ਨਾਨਕੁ" ਦੇ ਅਖੀਰਲਾ ਔਂਕੜ ਕਰਕੇ ਇਹ ਸ਼ਬਦ ਇਸ ਪੰਕਤੀ ਵਿਚ ਸੰਬੋਧਨ ਕਾਰਕ ਨਾ ਹੋ ਕੇ, ਕਰਤਾ ਕਾਰਕ ਰੂਪ ਵਿਚ ਹੈ।